**THE PUNJAB STATE BOARD OF TECHNICAL EDUCATION AND INDUSTRIAL TRAINING**
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:ਪੀ.ਐਸ.ਬੀ./ਆਈ.ਟੀ./18/1859 SCVT (ਅਤਿ ਜਰੂਰੀ) ਮਿਤੀ: 9.8.18

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਪ੍ਰੀਖਿਆ ਕੇਂਦਰ, (ਐਸ.ਸੀ.ਵੀ.ਟੀ/ਪ੍ਰੀਖਿਆ) ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਸੰਸਥਾਵਾਂ ਪੰਜਾਬ।

**ਵਿਸ਼ਾ:** **ਆਈ.ਟੀ.ਆਈ. ਸੰਸਥਾਵਾਂ ਵਿੱਚ ਪ੍ਰੀਖਿਆ August- 2018 ' ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਕੋਰਸਾਂ ਦੇ ਪ੍ਰਿੀਖਿਆ ਲਈ ਸਟੇਸ਼ਨਰੀ ਲੈਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਪ੍ਰੀਖਿਆ ਕੇਂਦਰਾਂ ਨੂੰ ਦਸਿਆ ਜਾਂਦਾ ਹੈ ਕਿ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਕੋਰਸਾਂ ਦੀ August- 2018 ਦੀ ਪ੍ਰੀਖਿਆ ਮਿਤੀ:-20-8-2018 ਤੋਂ ਸ਼ੁਰੂ ਹੋ ਰਹੀ ਹੈ। ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਸੈਂਟਰ ਵਿਖੇ ਐਸ.ਸੀ.ਵੀ.ਟੀ. ਸਕੀਮ ਅਧੀਨ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਲਈ ਲੋੜੀਂਦੀਆਂ OMR ਸ਼ੀਟਾਂ/ਗਰਾਫ ਪੇਪਰ/ਬਾਰ ਕੋਡ ਉੱਤਰ ਕਾਪੀਆਂ ਬੋਰਡ ਦਫਤਰ ਤੋਂ ਮਿਤੀ:-17 ਅਗਸਤ 2018 ਤੱਕ ਹਰ ਹਾਲਤ ਵਿੱਚ ਪ੍ਰਾਪਤ ਕਰ ਲੈਣ ਤਾਂ ਜੋ ਪ੍ਰੀਖਿਆ ਸਮੇਂ ਸਿਰ ਸ਼ੁਰੂ ਕਰਵਾਈ ਜਾ ਸਕੇ। ਇਥੇ ਇਹ ਵੀ ਹਦਇਤ ਕੀਤੀ ਜਾਂਦੀ ਹੈ ਕਿ ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਦੇ ਥਿਊਰੀ ਪੇਪਰ ਬਾਰ ਕੋਡ ਉੱਤਰ ਕਾਪੀਆਂ ਤੇ ਹੀ ਹੋਣੇ ਹਨ। OMR ਸ਼ੀਟਾਂ ਐਸ ਸੀ ਵੀ ਟੀ ਵਾਲਿਆਂ ਹੀ ਵਰਤੀਆਂ ਜਾਣ। ਜੇ ਕਰ ਕੋਈ ਸੰਸਥਾ ਐਨ ਸੀ ਵੀ ਟੀ ਵਾਲੀਆਂ OMR ਸ਼ੀਟਾਂ ਐਸ.ਸੀ.ਵੀ.ਟੀ. ਦੀ ਪ੍ਰੀਖਿਆ ਵਿੱਚ ਵਰਤਦੀ ਹੈ ਤਾਂ OMR ਸਕੇਨਰ ਸਿਖਿਆਰਥੀ ਨੂੰ ਜੀਰੋ ਨੰਬਰ ਲਗਾ ਦਵੇਗਾ ਜਿਸ ਦੀ ਜਿੰਮੇਵਾਰੀ ਪੂਰਨ ਤੌਰ ਤੇ ਸੰਸਥਾ ਦੀ ਹੋਵੇਗੀ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਪ੍ਰੀਖਿਆ ਕੇਂਦਰ ਸਮੇਤ ਆਪਣੇ ਅਧੀਨ ਆਉਂਦੀਆਂ ਸੰਸਥਾਂਵਾ ਦੀ ਡਿਮਾਂਡ ਅਨੁਸਾਰ ਲੋੜੀਂਦੀ ਸਟੇਸ਼ਨਰੀ ਬੋਰਡ ਦਫਤਰ ਤੋਂ ਉਕਤ ਦਰਸਾਈ ਮਿਤੀ ਨੂੰ ਹਰ ਹਾਲਤ ਵਿੱਚ ਲੈਣਾ ਯਕੀਨੀ ਬਨਾਉਣਗੇ।

ਉਪਰੋਕਤ ਦਰਸਾਈ ਸਥਿਤੀ ਦੇ ਸਨਮੁੱਖ ਪ੍ਰੀਖਿਆਵਾਂ ਸੈਂਟਰਾ ਵਲੋਂ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਪ੍ਰੀਖਿਆ ਦੌਰਾਨ ਸਹੀ ਅਤੇ ਸੁੱਚਜੇ ਢੰਗ ਨਾਲ ਸਿਖਿਆਰਥੀਆਂ ਨੂੰ ਓ.ਐਮ.ਆਰ. ਸ਼ੀਟ ਭਰਨ ਸਬੰਧੀ ਸਮੇਂ ਸਮੇਂ ਤੇ ਉਚਿਤ ਟ੍ਰੇਨਿੰਗ ਦਿੱਤੀ ਜਾਵੇ। ਪ੍ਰੀਖਿਆ ਦੌਰਾਨ ਇਨਵੀਜੀਲੇਟਰ ਅਤੇ ਡਿਊਟੀ ਤੇ ਤੈਨਾਤ ਸਟਾਫ ਇਹ ਯਕੀਨੀ ਬਣਾਏ ਕਿ ਸਿਖਿਆਰਥੀਆਂ ਵਲੋਂ ਓ.ਐਮ.ਆਰ. ਸ਼ੀਟ ਵਿੱਚ ਰਜਿਸਟਰੇਸ਼ਨ ਨੰਬਰ, ਸਮੈਸਟਰ, ਸੈਸ਼ਨ, ਪੇਪਰ, ਪੇਪਰ ਕੋਡ ਆਦਿ ਸਹੀ ਭਰਿਆ ਹੈ, ਉਸੇ ਉਪਰੰਤ ਹੀ OMR ਤੇ ਹਸਤਾਖਰ ਕੀਤੇ ਜਾਣ। ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਦੀ ਸੂਰਤ ਵਿੱਚ ਸਬੰਧਤ ਸੰਸਥਾ ਵਿਰੁੱਧ ਰੂਲਾਂ ਅਨੁਸਾਰ ਯੋਗ ਕਾਰਵਾਈ ਆਰੰਭ ਦਿੱਤੀ ਜਾਵੇਗੀ।
ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

9.8.18
ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਦਰਸਾਇਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. PA/Secretary
2. System Admn.
3. Admn. Section

-Sd-
ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)
ਵਾਸਤੇ ਸਕੱਤਰ